Pressrelease




17 June 2015 PR37/15

**ਰੈਗੂਲੇਟਰ ਇਸ ਰਮਜ਼ਾਨ ਦਾਨੀਆਂ ਨੂੰ ਸੁਰੱਖਿਅਤ ਰੂਪ ਵਿੱਚ ਦਾਨ ਕਰਨ ਵਾਸਤੇ ਉਤਸ਼ਾਹਿਤ ਕਰਦਾ ਹੈ**

ਚੈਰਿਟੀ ਕਮਿਸ਼ਨ ਲੋਕਾਂ ਨੂੰ ਉਤਸ਼ਾਹਿਤ ਕਰਦਾ ਹੈ ਕਿ ਉਹ ਇਸ ਰਮਜ਼ਾਨ ਚੈਰਿਟੀਆਂ ਨੂੰ ਦਾਨ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਜਾਂਚ ਕਰਨ (18 ਜੂਨ ਤੋਂ 17 ਜੁਲਾਈ)।

ਰੈਗੂਲੇਟਰ ਇਹ ਜਾਣਦਾ ਹੈ ਕਿ ਸਾਲ ਦੇ ਇਸ ਸਮੇਂ ਦੌਰਾਨ ਬਹੁਤ ਸਾਰੇ ਲੋਕ ਚੰਗੇ ਉਦੇਸ਼ਾਂ ਵਾਸਤੇ ਖੁੱਲ੍ਹੇਦਿਲ ਨਾਲ ਦਾਨ ਕਰਦੇ ਹਨ, ਅਤੇ ਉਨ੍ਹਾਂ ਦੀ ਇਹ ਬੇਨਤੀ ਹੈ ਕਿ ਦਾਨੀ ਕੁਝ ਇਸ ਤਰ੍ਹਾਂ ਦੇ ਸਧਾਰਨ ਕਦਮ ਚੁੱਕਣ ਜਿਨ੍ਹਾਂ ਨਾਲ ਇਹ ਪੱਕਾ ਬਣਾਇਆ ਜਾ ਸਕੇ ਕਿ ਉਨ੍ਹਾਂ ਦਾ ਦਾਨ ਜਾਇਜ਼ ਚੈਰਿਟੀਆਂ ਨੂੰ ਜਾ ਰਿਹਾ ਹੈ।

ਇਸ ਦੀ ਵਿਆਖਿਆ ਲਈ, ਕਮਿਸ਼ਨ ਨੇ ਇਕ ਵੀਡੀਓ ਪ੍ਰਕਾਸ਼ਿਤ ਕੀਤੀ ਹੈ ਜਿਸ ਦਾ ਸਿਰਲੇਖ "Change the Picture" ਹੈ ਅਤੇ ਇਹ ਵਿਖਾਉਂਦੀ ਹੈ ਕਿ ਜਾਇਜ਼ ਅਤੇ ਰਜਿਸਟਰ ਸ਼ੁਦਾ ਚੈਰਿਟੀਆਂ ਨੂੰ ਦਾਨ ਕਰਨ ਨਾਲ ਲੋਕ ਉਨ੍ਹਾਂ ਵਾਸਤੇ ਵਾਸਤਵਿਕ ਤਬਦੀਲੀ ਕਿਵੇਂ ਲਿਆ ਸਕਦੇ ਹਨ ਜਿਨ੍ਹਾਂ ਨੂੰ ਉਸ ਦੀ ਲੋੜ ਹੈ। ਜਨਤਾ ਨੂੰ ਹਲਾਸ਼ੇਰੀ ਦਿੱਤੀ ਜਾਂਦੀ ਹੈ ਕਿ ਉਹ #ChangeThePicture ਦੀ ਵਰਤੋਂ ਕਰਦੇ ਹੋਏ ਇਹ ਵੀਡੀਓ ਟਵਿਟਰ ਉਤੇ ਸਾਂਝੀ ਕਰਨ।

ਜਦ ਵੀ ਦਾਨ ਵਾਸਤੇ ਸਿਫਾਰਸ਼ ਕੀਤੀ ਜਾਂਦੀ ਹੈ, ਰੈਗੂਲੇਟਰ ਰਾਹੀ ਕੀਤੀ ਗਈ ਖੋਜ ਇਹ ਵਿਖਾਉਂਦੀ ਹੈ ਕਿ 5 ਵਿੱਚੋਂ ਸਿਰਫ 2 ਦਾਨੀ ਹੀ ਦਾਨ ਦੇਣ ਤੋਂ ਪਹਿਲਾਂ ਛਾਣਬੀਣ ਕਰਦੇ ਹਨ।

ਸਾਰੇ ਸਾਲ ਦੌਰਾਨ ਚੈਰਿਟੀ ਕਮਿਸ਼ਨ ਇਕ ਸੇਫਰ ਗਿਵਿੰਗ (ਸੁਰੱਖਿਅਤ ਦਾਨ) ਮੁਹਿਮ ਚਲਾਉਂਦੀ ਹੈ ਜਿਹੜੀ ਜਨਤਾ ਦੇ ਮੈਂਬਰਾਂ ਨੂੰ ਚੈਰਿਟੀ ਨੂੰ ਦਾਨ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਸਧਾਰਨ ਜਾਂਚ ਕਰਨ ਲਈ ਉਤਸ਼ਾਹਿਤ ਕਰਦੀ ਹੈ। ਕਮਿਸ਼ਨ ਨੇ ਦਸ ਸੁਰੱਖਿਅਕ ਸੇਧਾਂ ਦਾ ਨਿਕਾਸ ਕੀਤਾ ਹੈ ਜਿਹੜੇ ਦਾਨੀਆਂ ਦੀ ਮਦਦ ਜਾਇਜ਼ ਇਕੱਤਰੀਕਰਨ ਦੀ ਸ਼ਨਾਖਤ ਕਰਨ ਵਿੱਚ ਕਰਦੇ ਹਨ ਤਾਂ ਕਿ ਉਹ ਭਰੋਸੇ ਨਾਲ ਦਾਨ ਕਰ ਸਕਣ।

**ਸੈਰਾਹ ਐਟਕਿੰਨਸਨ, ਚੈਰਿਟੀ ਕਮਿਸ਼ਨ ਵਿਖੇ ਪਾਲਸੀ ਅਤੇ ਕਮਊਨਿਕੇਸ਼ਨ ਦੀ ਡਾਇਰੈਕਟਰ ਨੇ ਕਿਹਾ:**

"ਰਮਜ਼ਾਨ ਇੱਕ ਦਾਨ-ਪੁਨ ਦਾ ਸਮੇਂ ਹੈ, ਪਰ ਬਦਕਿਸਮਤੀ ਇਹ ਹੈ ਕਿ ਕੁਝ ਅਜਿਹੇ ਵਿਅਕਤੀ ਵੀ ਹਨ ਜਿਹੜੇ ਇਸ ਦਾ ਸ਼ੋਸ਼ਣ ਕਰਨ ਲਈ ਤਿਆਰ ਹਨ। ਅਸੀਂ ਇਹ ਪੱਕਾ ਬਣਾਉਣਾ ਚਾਹੁੰਦੇ ਹਾਂ ਕਿ ਮੁਸਲਿਮ ਭਾਈਚਾਰੇ ਦੇ ਲੋਕਾਂ ਵੱਲੋ ਖੁੱਲ੍ਹੇਦਿਲੀ ਕੀਤੇ ਦਾਨ ਦੀ ਵਰਤੋਂ ਉਨ੍ਹਾਂ ਸੁਯੋਗ ਕਾਰਨਾ ਦੇ ਸਮਰਥਨ ਵਾਸਤੇ ਹੋਵੇ ਜਿਸ ਲਈ ਉਹ ਦਿੱਤਾ ਗਿਆ ਸੀ। ਕਮਿਸ਼ਨ ਇਹ ਪੱਕਾ ਬਣਾਉਣ ਲਈ ਵਚਨਬੱਧ ਹੈ ਕਿ ਲੋਕਾਂ ਦਾ ਚੈਰਿਟੀਆਂ ਵਿੱਚ ਭਰੋਸਾ ਅਤੇ ਵਿਸ਼ਵਾਸ ਉੱਚਾ ਰਵੇ, ਇਸ ਲਈ ਅਸੀਂ ਜਨਤਾ ਨੂੰ ਹਲਾਸ਼ੇਰੀ ਦਿੰਦੇ ਹਾਂ ਕਿ ਉਹ ਦਾਨ ਕਰਨ ਤੋਂ ਪਹਿਲਾਂ ਸਾਡੀਆਂ ਸਧਾਰਨ ਸੇਧਾਂ ਦਾ ਪਾਲਣ ਕਰਨ।"

**ਡਾਕਟਰ ਹਾਨੀ ਅਲ-ਬਾਨਾ, ਮੁਸਲਿਮ ਚੈਰਿਟੀਜ਼ ਫੋਰਮ ਦੇ ਚੇਅਰਮੈਨ ਨੇ ਕਿਹਾ:**

"ਹਰ ਰਮਜ਼ਾਨ ਤੇ, ਮੁਸਲਿਮ ਖੁੱਲ੍ਹੇਦਿਲ ਨਾਲ ਕਈ ਕਾਰਨਾ ਵਾਸਤੇ ਯੂਕੇ ਅਤੇ ਪਰਦੇਸ ਵਿੱਚ ਦਾਨ ਕਰਦੇ ਹਨ। ਇਹ ਬਹੁਤ ਹੀ ਜ਼ਰੂਰੀ ਹੈ ਕਿ ਦਾਨ ਰਜਿਸਟਰਸ਼ੁਦਾ ਅਤੇ ਜ਼ੁੰਮੇਵਾਰ ਚੈਰਿਟੀਆਂ ਤੱਕ ਪਹੁੰਚੇ। ਮੈਂ ਲੋਕਾਂ ਨੂੰ ਕਮਿਸ਼ਨ ਦੀ ਵੀਡੀਓ ਸਾਂਝੀ ਕਰਨ ਅਤੇ ਉਨ੍ਹਾਂ ਦੀ ਸੇਫਰ ਗਿਵਿੰਗ (ਸੁਰੱਖਿਅਤ ਦਾਨ) ਸਲਾਹ ਦਾ ਪਾਲਣਾ ਕਰਨ ਲਈ ਹਲਾਸ਼ੇਰੀ ਦਿੰਦਾ ਹਾਂ ਤਾਂ ਕਿ ਇਹ ਪੱਕਾ ਬਣਾਇਆ ਜਾ ਸਕੇ ਕਿ ਦਾਨ ਸਹੀ ਥਾਂ ਤੇ ਪਹੁੰਚੇ।"

**ਕਮਿਸ਼ਨ ਵੱਲੋਂ ਸ੍ਰੇਸ਼ਠ ਦਸ ਸੇਧ ਜਿਨ੍ਹਾਂ ਨਾਲ ਇਹ ਪੱਕਾ ਬਣਾਇਆ ਜਾ ਸਕਦਾ ਹੈ ਕਿ ਇਸ ਰਮਜ਼ਾਨ ਤੁਸੀਂ ਸੁਰੱਖਿਆ ਨਾਲ ਦਾਨ ਕਰ ਸਕੋ;**

1. ਦਾਨ ਕਰਨ ਤੋਂ ਪਹਿਲਾਂ, ਚੈਰਿਟੀ ਦੇ ਨਾਮ ਅਤੇ ਰਜਿਸਟਰੇਸ਼ਨ ਨੰਬਰ ਦੀ ਜਾਂਚ ਔਨਲਾਇਨ ਚੈਰਿਟੀ ਸਰਚ ਟੂਲ ਤੇ ਕਰੋ: ਫਾਇੰਡ ਏ ਚੈਰਿਟੀ- ਰਜਿਸਟਰ ਔਫ ਚੈਰਿਟੀਜ਼
2. ਫੰਡਰੇਜ਼ਰਾਂ ਲਈ ਇਹ ਜ਼ਰੂਰੀ ਹੈ ਕਿ ਉਹ ਜਨਤਕ ਸਥਾਨ ਵਿੱਚ ਦਾਨ ਇੱਕਠਾ ਕਰਨ ਲਈ ਲੋਕਲ ਅਥਾਰਟੀ (ਜਾਂ ਲੰਡਨ ਵਿੱਚ ਪੁਲਿਸ) ਤੋਂ ਲਾਇਸੰਸ ਪ੍ਰਾਪਤ ਕਰਨ। ਜਾਂਚ ਕਰੋ ਕਿ ਉਨ੍ਹਾਂ ਕੋਲ ਇਹ ਹੈ। ਜੇਕਰ ਦਾਨ ਕਿਸੇ ਨਿੱਜੀ ਮਲਕੀਅਤ ਤੇ ਇੱਕਠਾ ਕੀਤਾ ਜਾ ਰਿਹਾ ਹੈ, ਜਾਂਚ ਕਰੋ ਕਿ ਉਨ੍ਹਾਂ ਕੋਲ ਮਾਲਕ ਦੀ ਇਜਾਜ਼ਤ ਹੈ।
3. ਜਦ ਵੀ ਕੋਈ ਕੁਲੈਕਟਰ ਤੁਹਾਡੇ ਕੋਲ ਆਉਂਦਾ ਹੈ, ਜਾਂਚ ਕਰੋ ਕਿ ਉਸ ਨੇ ਬਕਾਇਦਾ ਸ਼ਨਾਖਤੀ ਬੈਜ ਪਾਇਆ ਹੈ ਅਤੇ ਕੁਲੈਕਸ਼ਨ ਟਿਨ ਸੀਲਡ ਹੈ।

4. ਜੇਕਰ ਕੋਈ ਸੰਦੇਹ ਹੋਵੇ, ਕੁਲੈਕਟਰ ਕੋਲੋਂ ਵਧੇਰੇ ਜਾਣਕਾਰੀ ਵਾਸਤੇ ਪੁੱਛੋ – ਇੱਕ ਅਸਲੀ ਫੰਡਰੇਜ਼ਰ ਤੁਹਾਡੇ ਸਵਾਲਾਂ ਦਾ ਜਵਾਬ ਖ਼ੁਸ਼ੀ ਨਾਲ ਦੇਵੇਗਾ ਅਤੇ ਚੈਰਿਟੀ ਦੇ ਕੰਮ-ਕਾਜ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰੇਗਾ।
5. ਅਸਲੀ ਫੰਡਰੇਜ਼ਿੰਗ ਪਦਾਰਥਾਂ ਉਤੇ ਚੈਰਿਟੀ ਦਾ ਨਾਮ, ਉਸ ਦਾ ਰਜਿਸਟਰਡ ਨਾਮ ਅਤੇ ਲੈਂਡਲਾਈਨ ਸੰਪਰਕੀ ਨੰਬਰ ਪ੍ਰਸਿੱਧ ਹੋਵੇਗਾ। ਉਨ੍ਹਾਂ ਬਾਰੇ ਚੌਕਸ ਰਵੋ ਜਿਹੜੇ ਮੋਬਾਇਲ ਨੰਬਰ ਭੇਟ ਕਰਦੇ ਹਨ।
6. ਜੇਕਰ ਤੁਸੀਂ ਰੇਡੀਓ ਅਤੇ ਟੈਲੀਵਿਜ਼ਨ ਅਪੀਲ ਨੂੰ ਦਾਨ ਕਰਦੇ ਹੋ ਤਾਂ ਇਹ ਪੱਕਾ ਬਣਾਵੋ ਕਿ ਪ੍ਰਕਿਰਿਆ ਸੁਰੱਖਿਅਤ ਹੈ। ਔਫਕੋਮ ਆਪਣੀ ਵੈਬਸਾਈਟ ਉਤੇ ਰੇਡੀਓ ਅਤੇ ਟੈਲੀਵਿਜ਼ਨ ਚੈਰਿਟੀ ਅਪੀਲਾਂ ਵਾਸਤੇ ਬਣਾਏ ਗਏ ਨਿਯਮਾਂ ਦੀ ਸੂਚੀ ਪ੍ਰਸਤੂਤ ਕਰਦੀ ਹੈ। ਲਾਇਸੰਸਿੰਗ – ਔਫਕੋਮ ਵੈਬਸਾਈਟ
7. ਜਦ ਵੀ ਤੁਸੀਂ ਈਮੇਲਾਂ ਦਾ ਜਵਾਬ ਦਿੰਦੇ ਹੋ ਜਾਂ ਕਿਸੇ ਚੈਰਿਟੀ ਦੀ ਵੈਬਸਾਈਟ ਦੇ ਲਿੰਕਾਂ ਤੇ ਕਲਿੱਕ ਕਰਦੇ ਹੋ ਤਾਂ ਖਿਆਲ ਰੱਖੋ ਅਤੇ ਪੱਕਾ ਬਣਾਵੋ ਕਿ ਕੀ ਉਹ ਅਸਲੀ ਹੈ। ਇਸ ਦੇ ਬਜਾਇ, ਆਪਣੀ ਚੁਣਵੀ ਚੈਰਿਟੀ ਦੀ ਔਨਲਾਈਨ ਸਰਚ ਕਰੋ ਇਹ ਪੱਕਾ ਬਣਾਉਣ ਵਾਸਤੇ ਕਿ ਕੀ ਤੁਹਾਡੇ ਕੋਲ ਸਹੀ ਵੈਬ ਅਡਰੈਸ ਹੈ। ਵਧੇਰੀ ਰਾਹਨੁਮਾਈ ਵਾਸਤੇ ਵੇਖੋ: ਗਾਇਡੰਸ ਫੌਰ ਡੋਨਰਜ਼ – ਗੈਟ ਸੇਫ ਔਨਲਾਈਨ
8. ਕਪੜਿਆਂ ਅਤੇ ਹੋਰ ਪਰਿਵਾਰਕ ਸਾਮਾਨ ਵਾਸਤੇ ਕੁਲੈਕਸ਼ਨ ਥੈਲਿਆਂ (ਬੈਗਾਂ) ਦਾ ਧਿਆਨ ਨਾਲ ਮੁਆਇਨਾ ਕਰੋ ਤਾਂ ਕਿ ਇਹ ਪੱਕਾ ਬਣਾਇਆ ਜਾ ਸਕੇ ਕਿ ਉਹ ਸੱਚੀ ਚੈਰਿਟੀ ਵੱਲੋਂ ਹਨ।
9. ਇਸ ਤਰ੍ਹਾਂ ਦੀ ਜਾਂਚ-ਪੜਤਾਲ ਤੋਂ ਬਾਦ, ਜੇਕਰ ਤੁਹਾਨੂੰ ਲੱਗਦਾ ਹੈ ਕਿ ਕੁਲੈਕਸ਼ਨ ਜਾਂ ਅਪੀਲ ਨਿਯਮਕ ਨਹੀਂ ਹੈ, ਇਸ ਬਾਰ ਐਕਸ਼ਨ ਫਰੌਡ ਨੂੰ 0300 123 2040 ਤੇ ਰਿਪੋਰਟ ਕਰੋ ਅਤੇ ਚੈਰਿਟੀ ਕਮਿਸ਼ਨ ਨੂੰ ਸੂਚਿਤ ਕਰੋ: ਐਕਸ਼ਨ ਫਰੌਡ – ਪੁਲਿਸ
10. ਦਬਾਅ ਵਿੱਚ ਆਕੇ ਕਦੇ ਵੀ ਕੁਲੈਕਸ਼ਨ ਵਾਸਤੇ ਤੁਰੰਤ ਦਾਨ ਨਾ ਦਵੋ। ਜੇਕਰ ਕੋਈ ਸੰਦੇਹ ਹੋਵੇ, ਸਿੱਧਾ ਚੈਰਿਟੀ ਨੂੰ ਦਵੋ।

ਰਮਜ਼ਾਨ ਦੌਰਾਨ ਸੁਰੱਖਿਅਤ ਰੂਪ ਵਿੱਚ ਦਾਨ ਕਰਨ ਬਾਰੇ ਵਧੇਰੇ ਜਾਣਕਾਰੀ ਚੈਰਿਟੀ ਕਮਿਸ਼ਨ ਦੀ ਵੈਬਸਾਈਟ ਤੇ ਉਪਲਬਧ ਹੈ।

**ਅੰਤ**

**ਵਧੇਰੇ ਜਾਣਕਾਰੀ ਵਾਸਤੇ ਪ੍ਰੈਸ ਔਫਿਸ ਨਾਲ 0300 065 2122 ਤੇ ਸੰਪਰਕ ਕਰੋ**

**ਸੰਪਾਦਨਾਂ ਵਾਸਤੇ ਟਿੱਪਣੀਆਂ**

### 1. ਚੈਰਿਟੀ ਕਮਿਸ਼ਨ

ਚੈਰਿਟੀ ਕਮਿਸ਼ਨ ਇੰਗਲੈਂਡ ਅਤੇ ਵੇਲਜ਼ ਵਿੱਚ ਚੈਰਿਟੀਆਂ ਦਾ ਇੱਕ ਸੁਤੰਤਰ ਰੈਗੁਲੇਟਰ ਹੈ। ਵਧੇਰੇ ਜਾਣਕਾਰੀ ਵਾਸਤੇ The Charity Commission - GOV.UK ਵੇਖੋ।

ਅਸੀਂ ਇੰਗਲੈਂਡ ਅਤੇ ਵੇਲਜ਼ ਵਿੱਚ ਚੈਰਿਟੀਆਂ ਲਈ ਇੱਕ ਸੁਤੰਤਰ ਰੈਜਿਸਟਰਾਰ ਅਤੇ ਰੈਗੁਲੇਟਰ ਹਾਂ, ਜਨਤਕ ਦੇ ਹਿੱਤ ਵਿੱਚ ਕੰਮ ਕਰਦੇ ਹਾਂ, ਇਹ ਪੱਕਾ ਬਣਾਉਣ ਵਾਸਤੇ:

- **a.** ਚੈਰਿਟੀਆਂ ਨੂੰ ਇਹ ਪਤਾ ਹੋਵੇ ਕਿ ਉਨ੍ਹਾਂ ਨੂੰ ਕੀ ਕਰਨਾ ਚਾਹੀਦਾ ਹੈ
- **b.** ਜਨਤਾ ਨੂੰ ਇਹ ਪਤਾ ਹੋਵੇ ਕਿ ਚੈਰਿਟੀਆਂ ਕੀ ਕਰਦੀਆਂ ਹਨ
- **c.** ਚੈਰਿਟੀਆਂ ਨੂੰ ਜ਼ੁੰਮੇਵਾਰ ਬਣਾਇਆ ਜਾਵੇ

### 2. ਮੁਸਲਿਮ ਚੈਰਿਟੀਜ਼ ਫੋਰਮ

ਮੁਸਲਿਮ ਚੈਰਿਟੀਜ਼ ਫੋਰਮ ਇੱਕ ਛੱਤਰੀ ਸੰਸਥਾ ਹੈ ਜਿਹੜੀ ਮੁਸਮਾਨਾਂ ਦੀ ਮਨੁੱਖਤਾ ਦੀ ਅਗਵਾਈ ਵਾਸਤੇ ਯੂਕੇ ਵਿੱਚ ਅਧਾਰਿਤ ਐਨ ਜੀ ਓਜ਼ ਹੈ http://www.muslimcharitiesforum.org.uk/

### 3. ਆਈ ਸੀ ਐਮ ਪੋਲ ਸਰਵੇ ਦੇ ਵੇਰਵੇ

ਆਈ ਸੀ ਐਮ ਨੇ ਬੇਤਰਤੀਬੇ ਤੌਰ ਤੇ 18+ ਸਾਲ ਦੇ 1160 ਬਾਲਗਾਂ ਦੀ ਟੈਲੀਫੋਨ ਰਾਹੀ ਯੂਕੇ ਵਿੱਚ 30 ਨਵੰਬਰ ਅਤੇ 2 ਦਸੰਬਰ 2012 ਵਿੱਚ ਇੰਟਰਵਿਊ ਕੀਤੀ। ਸਰਵੇਖਣ ਪੂਰੇ ਦੇਸ਼ ਵਿੱਚ ਕੀਤੇ ਗਏ ਅਤੇ ਪ੍ਰਾਪਤ ਹੋਏ ਨਤੀਜਿਆਂ ਨੂੰ ਸਾਰੇ ਬਾਲਗਾਂ ਦੇ ਪ੍ਰੋਫਾਇਲ ਦੀ ਮਹੱਤਵਤਾ ਦਿੱਤੀ ਗਈ ਸੀ। ਆਈ ਸੀ ਐਮ ਬ੍ਰਿਟਿਸ਼ ਪੋਲਿੰਗ ਕੌਂਸਲ ਦੀ ਇੱਕ ਮੈਂਬਰ ਹੈ ਅਤੇ ਉਨ੍ਹਾਂ ਦੇ ਨਿਯਮਾਂ ਸਥਿਰ ਚੱਲਦੀ ਹੈ। ਵਧੇਰੇ ਜਾਣਕਾਰੀ ਲਈ www.icmresearch.com